ਦੇਗ ਤੇਗ ਫਤਿਹ॥

ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਿੱਖ ਪੰਥ ਦੇ ਥਾਪੇ ਜਰਨੈਲ

# ਬਾਬਾ ਬੰਦਾ ਸਿੰਘ ਜੀ ਬਹਾਦਰ

ਦਾ



# ਜਨਮ ਦਿਵਸ

ਦਸਮ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਬੰਦਾ ਸਿੰਘ ਜੀ ਬਹਾਦਰ ਨੂੰ ਨਾਂਦੇੜ ਦੀ ਧਰਤੀ ਤੋਂ ਅੰਮ੍ਰਿਤ ਛਕਾ, ਸਿੰਘ ਸਜਾ ਕੇ ਪੰਜ ਸਿੰਘਾਂ ਦੇ ਨਾਲ ਪੰਜਾਬ ਵਿੱਚ ਮੁਗਲ ਹਕੂਮਤ ਦੇ ਜ਼ੁਲਮਾਂ ਨੂੰ ਠੱਲ੍ਹ ਪਾਉਣ ਲਈ ਤੋਰਿਆ। ਬਾਬਾ ਜੀ ਦੀ ਅਗਵਾਈ ਵਿੱਚ ਖਾਲਸੇ ਨੇ ਪੰਜਾਬ ਵਿੱਚ ਅਜਿਹਾ ਸੰਘਰਸ਼ ਆਰੰਭਿਆ ਕਿ ਮੁਗਲ ਸਲਤਨਤ ਦੇ ਮਹਿਲ ਢਹਿ ਢੇਰੀ ਹੋਣ ਲੱਗੇ। ਇਸ ਤਰ੍ਹਾਂ ਦਸਮੇਸ਼ ਪਿਤਾ ਦੇ ਹੁਕਮ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਨੇ ਜੋ ਇਨਕਲਾਬ ਲਿਆਂਦਾ, ਉਹ ਸਭ ਨੂੰ ਹੈਰਾਨ ਕਰ ਦੇਣ ਵਾਲਾ ਸੀ। ਬਾਬਾ ਜੀ ਇੱਕ ਉੱਤਮ ਦਰਜੇ ਦੇ ਸੂਰਬੀਰ ਮਹਾਨ ਯੋਧੇ ਤੇ ਆਗੂ ਸਨ। ਬਾਬਾ ਜੀ ਨੇ ਪੰਜਾਬ ਵਿੱਚ ਇੱਕ-ਇੱਕ ਕਰਕੇ ਸਮਾਣਾ, ਸੋਨੀਪਤ, ਕੈਥਲ, ਠਸਕਾ, ਕਪੂਰੀ, ਸਢੌਰਾ ਆਦਿ ਇਲਾਕੇ ਜਿੱਤ ਕੇ ਸਰਹਿੰਦ ਫਤਿਹ ਕਰਨ ਲਈ 12 ਕੋਹ ਦੀ ਦੂਰੀ 'ਤੇ ਚਪੜਚਿੜੀ ਦੇ ਮੈਦਾਨ ਵਿੱਚ ਡੇਰਾ ਲਾ ਲਿਆ। ਦੂਸਰੇ ਪਾਸੇ ਦਸਮੇਸ਼ ਪਿਤਾ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਜ਼ਿੰਦਾ ਨੀਹਾਂ ਵਿੱਚ ਚਿਣਵਾ ਕੇ ਸ਼ਹੀਦ ਕਰਨ ਵਾਲਾ ਸੂਬਾ ਸਰਹਿੰਦ ਵਜ਼ੀਰ ਖਾਨ ਵੀ ਪੂਰੀ ਤਿਆਰੀ ਨਾਲ ਮੁਕਾਬਲਾ ਕਰਨ ਲਈ ਪੁੱਜਾ। ਉਸ ਨੇ ਗੁਆਂਢੀ ਰਿਆਸਤਾਂ ਪਾਸੋਂ ਵੀ ਭਾਰੀ ਮਦਦ ਇਕੱਠੀ ਕੀਤੀ। 12 ਮਈ 1710 ਈਸਵੀ ਨੂੰ ਗਹਿਗੱਚ ਲੜਾਈ ਹੋਈ। ਵਜ਼ੀਰ ਖਾਨ ਮਾਰਿਆ ਗਿਆ ਤੇ ਸਿੰਘਾਂ ਨੇ ਜੇਤੂ ਹੋ ਕੇ 14 ਮਈ 1710 ਈਸਵੀ ਨੂੰ ਸਰਹਿੰਦ ਫਤਿਹ ਕੀਤੀ।

## ੩੦ ਅੱਸੂ, ਨਾਨਕਸ਼ਾਹੀ ਸੰਮਤ ੫੫੮

ਮੁਤਾਬਿਕ

## ਸ਼ੁੱਕਰਵਾਰ, 16 ਅਕਤੂਬਰ 2026

## ਗੁਰਦੁਆਰਾ ਬਾਬਾ ਬੰਦਾ ਸਿੰਘ ਜੀ ਬਹਾਦਰ

## ਮਹਿਰੌਲੀ, ਦਿੱਲੀ

ਵਿਖੇ ਸ਼ਾਮ 6.00 ਤੋਂ ਰਾਤ 10.00 ਵਜੇ ਤਕ ਸ਼ਰਧਾ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ।

### ਪ੍ਰੋਗਰਾਮ (ਸ਼ਾਮ)

6.00 ਤੋਂ 6.40 – ਪਾਠ – ਸ੍ਰੀ ਰਹਰਾਸਿ ਸਾਹਿਬ

6.40 ਤੋਂ 7.45 – ਕੀਰਤਨ – ਭਾਈ ਭੁਪਿੰਦਰ ਸਿੰਘ ਜੀ ਆਨੰਦ ਹਜ਼ੂਰੀ ਕੀਰਤਨੀਏ, ਗੁ. ਸੀਸ ਗੰਜ ਸਾਹਿਬ

7.45 ਤੋਂ 8.45 – ਕੀਰਤਨ – ਭਾਈ ਅਮਰਜੀਤ ਸਿੰਘ ਜੀ ਪਟਿਆਲਾ

8.45 ਤੋਂ 10.00 – ਕੀਰਤਨ – ਭਾਈ ਗੁਰਪ੍ਰੀਤ ਸਿੰਘ ਜੀ ਸ਼ਿਮਲਾ

ਉਪਰੰਤ ਅਰਦਾਸ ਤੇ ਸਮਾਪਤੀ

ਗੁਰਮਤਿ ਸਮਾਗਮ ਦਾ ਸਿੱਧਾ ਪ੍ਰਸਾਰਣ ਵੈਬਸਾਈਟ www.dsgmc.in ਅਤੇ Akaal Sahai YouTube Channel 'ਤੇ ਹੋਵੇਗਾ

ਸੰਗਤਾਂ ਪਾਸ ਬੇਨਤੀ ਹੈ ਕਿ ਇਸ ਪ੍ਰੋਗਰਾਮ ਸਮੇਂ ਆਪਣੇ ਪਰਿਵਾਰਾਂ ਸਮੇਤ ਹਾਜ਼ਰੀਆਂ ਭਰ ਕੇ ਆਪਣਾ ਜੀਵਨ ਸਫ਼ਲਾ ਕਰੋ ਜੀ।

ਗੁਰੂ ਪੰਥ ਦੇ ਦਾਸ

ਹਰਮੀਤ ਸਿੰਘ ਕਾਲਕਾ
ਪ੍ਰਧਾਨ

ਹਰਵਿੰਦਰ ਸਿੰਘ ਕੇ.ਪੀ.
ਸੀਨੀਅਰ ਮੀਤ ਪ੍ਰਧਾਨ

ਜਸਪ੍ਰੀਤ ਸਿੰਘ ਕਰਮਸਰ
ਚੇਅਰਮੈਨ, ਧਰਮ ਪ੍ਰਚਾਰ ਕਮੇਟੀ

ਜਗਦੀਪ ਸਿੰਘ ਕਾਹਲੋਂ
ਜਨਰਲ ਸਕੱਤਰ

ਆਤਮਾ ਸਿੰਘ ਲੁਬਾਣਾ ਮੀਤ ਪ੍ਰਧਾਨ

ਜਸਮੇਨ ਸਿੰਘ ਨੋਨੀ ਜਾਇੰਟ ਸਕੱਤਰ

## ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

ਗੁਰੂ ਗੋਬਿੰਦ ਸਿੰਘ ਭਵਨ, ਗੁਰਦੁਆਰਾ ਰਕਾਬ ਗੰਜ ਸਾਹਿਬ, ਨਵੀਂ ਦਿੱਲੀ – 1 ਫ਼ੋਨ : 23712580, 23712581, 23712582, 23737328, 23737329 ਫੈਕਸ : 23317511
Website : http://www.dsgmc.in Email : info@dsgmc.in